## ਅਸੀਂ ਕਿਵੇਂ ਮਦਦ ਕਰ ਸਕਦੇ ਹਾਂ?

- ਵਿਅਕਤੀਗਤ ਕੇਸਵਰਕ
- ਮੀਟਿੰਗਾਂ ਲਈ ਤਿਆਰ ਕਰਨਾ, ਸਹਾਇਤਾ ਕਰਨਾ ਅਤੇ ਜਾਣਾ
- ਪੱਤਰ ਲਿਖਣ ਅਤੇ ਫਾਰਮ ਭਰਨ ਵਿੱਚ ਮਦਦ ਕਰਨਾ
- ਇਹ ਸਮਝਣ ਵਿੱਚ ਮਦਦ ਕਰਨਾ ਕਿ SEN ਅਤੇ/ਜਾਂ ਅਯੋਗਤਾ ਵਾਲੇ ਇੱਕ ਬੱਚੇ ਜਾਂ ਨੌਜਵਾਨ ਨੂੰ ਸਿੱਖਿਆ ਸਿਹਤ ਸੰਭਾਲ ਤੋਂ ਬਿਨਾਂ ਕਿਸ ਤਰ੍ਹਾਂ ਦੀ ਸਹਾਇਤਾ ਪੇਸ਼ ਕੀਤੀ ਜਾ ਸਕਦੀ ਹੈ। ਇਹ ਸ਼ੁਰੂਆਤੀ ਸਾਲਾਂ, ਸਕੂਲ ਜਾਂ ਅਗਲੇਰੀ ਸਿੱਖਿਆ ਸੈਟਿੰਗ ਵਿੱਚ ਹੋ ਸਕਦੀ ਹੈ
- ਸਿੱਖਿਆ ਸਿਹਤ ਸੰਭਾਲ ਮੁਲਾਂਕਣ ਦੌਰਾਨ ਮਾਪਿਆਂ ਅਤੇ ਨੌਜਵਾਨ ਵਿਅਕਤੀ ਦੀ ਸਹਾਇਤਾ ਕਰਨਾ
- ਬੇਨਤੀ ਕਰਨ ਤੇ ਇੱਕ ਸੁਤੰਤਰ ਸਹਾਇਕ ਤਕ ਪਹੁੰਚ ਬਣਾਉਣਾ – ਇਹ ਉਪਲਬਧਤਾ ਤੇ ਨਿਰਭਰ ਕਰਦਾ ਹੈ
- SEN ਅਤੇ ਅਯੋਗਤਾ ਟ੍ਰਿਬਿਉਨਲ ਕੋਲ ਅਪੀਲਾਂ ਕਰਨ ਦੇ ਸੰਬੰਧ ਵਿੱਚ ਸਲਾਹ ਅਤੇ ਸਹਾਇਤਾ
- ਉਦੋਂ ਮਦਦ ਕਰਨੀ ਜਦੋਂ ਚੀਜ਼ਾਂ ਗਲਤ ਹੁੰਦੀਆਂ ਹਨ ਅਤੇ SEN ਅਤੇ/ਜਾਂ ਅਯੋਗਤਾਵਾਂ ਨਾਲ ਸ਼ਿਕਾਇਤਾਂ ਤੇ ਸਲਾਹ ਦੇਣਾ ਜਿਸ ਵਿੱਚ ਤੁਹਾਡੀ ਸਿਹਤ ਅਤੇ ਸਮਾਜਿਕ ਸੰਭਾਲ ਨਾਲ ਸੰਬੰਧਿਤ ਸ਼ਾਮਲ ਹਨ
- ਮਦਦ ਕਰਨੀ ਜੇ ਤੁਹਾਡਾ ਬੱਚਾ ਅਲੱਗ-ਅਲੱਗ ਰਹਿੰਦਾ ਹੈ
- ਵਿਚੋਲਗੀ ਦੀ ਵਿਵਸਥਾ ਕਰਨ ਲਈ ਸਹਾਇਤਾ ਪ੍ਰਦਾਨ ਕਰਨਾ
- ਅਸਹਿਮਤੀ ਦਾ ਹੱਲ ਨਿਕਾਲਣ ਦੀ ਪ੍ਰਕਿਰਿਆ ਨੂੰ ਸਮਝਾਉਣਾ
- ਸਿਖਲਾਈ ਅਤੇ ਵਰਕਸ਼ਾਪਸ ਤੇ ਪਹੁੰਚ ਬਣਾਉਣਾ

## ਜ਼ਿਆਦਾ ਜਾਣਕਾਰੀ ਲਈ:

**ਡੁਡਲੇ (Dudley) SEND ਜਾਣਕਾਰੀ, ਸਲਾਹ ਅਤੇ ਸਹਾਇਤਾ ਸੇਵਾ**

ਇੱਕ ਜਵਾਬ ਦੇਣ ਵਾਲੀ ਮਸ਼ੀਨ ਕੰਮ ਕਰਦੀ ਹੈ, ਕਿਰਪਾ ਕਰਕੇ ਸੁਣੇਹਾ ਛੱਡੋ ਅਤੇ ਅਸੀਂ ਤੁਹਾਨੂੰ ਵਾਪਸ ਕਾਲ ਕਰਾਂਗੇ।

Dudley
Metropolitan Borough Council


**ਟੈਲੀ:** 07900 161363

**ਈ-ਮੇਲ:** dudley.sendiass@dudley.gov.uk

**ਵੈੱਬ:** http://dudleysendiass.org.uk/




## ਡੁਡਲੇ ਵਿਸ਼ੇਸ਼ ਵਿਦਿਅਕ ਲੋੜਾਂ ਅਤੇ ਅਯੋਗਤਾ ਜਾਣਕਾਰੀ, ਸਲਾਹ ਅਤੇ ਸਹਾਇਤਾ ਸੇਵਾ (SENDIASS)

*(ਪਹਿਲਾਂ ਡੁਡਲੇ ਮਾਪੇ ਸਾਝੀਦਾਰੀ ਸੇਵਾ (formerly Dudley Parent Partnership Service))*

ਜੇ ਤੁਸੀਂ ਵਿਸ਼ੇਸ਼ ਵਿਦਿਅਕ ਲੋੜਾਂ (SEN) ਜਾਂ ਅਯੋਗਤਾ ਵਾਲੇ ਬੱਚੇ ਜਾਂ ਨੌਜਵਾਨ ਦੇ ਮਾਪੇ ਜਾਂ ਸੰਭਾਲਕਰਤਾ ਹੋ, ਜਾਂ 25 ਸਾਲ ਤਕ ਦੀ ਉਮਰ ਦੇ ਵਿਸ਼ੇਸ਼ ਵਿਦਿਅਕ ਲੋੜਾਂ ਜਾਂ ਅਯੋਗਤਾ ਵਾਲੇ ਬੱਚੇ ਜਾਂ ਨੌਜਵਾਨ ਹੋ, ਤਾਂ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ।

ਅਸੀਂ ਸਿਹਤ ਅਤੇ ਸਮਾਜਿਕ ਸੰਭਾਲ ਦੇ ਮੁੱਦਿਆਂ ਸਮੇਤ SEN ਅਤੇ ਅਯੋਗਤਾਵਾਂ ਨਾਲ ਸੰਬੰਧਿਤ ਕਨੂੰਨ ਤੇ ਅਧਾਰਿਤ ਸਲਾਹ, ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਦੇ ਹਾਂ।

**• ਮੁਫਤ • ਨਿਰਪੱਖ • ਗੁਪਤ**







ਸਾਡਾ ਉਦੇਸ਼ ਹੈ:

- ਮਾਪਿਆਂ, ਬੱਚਿਆਂ ਅਤੇ ਨੌਜਵਾਨਾਂ ਨੂੰ ਪੂਰੀ ਤਰ੍ਹਾਂ ਭਾਗ ਲੈਣ ਅਤੇ ਉਨ੍ਹਾਂ ਨਤੀਜਿਆਂ ਬਾਰੇ ਜਾਣਕਾਰ ਫੈਸਲੇ ਲੈਣ ਲਈ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਨਾ ਜੋ ਉਹ ਪ੍ਰਾਪਤ ਕਰਨਾ ਚਾਹੁੰਦੇ ਹਨ
- ਸੁਨਿਸ਼ਚਿਤ ਕਰਨਾ ਕਿ ਬੱਚੇ ਜਾਂ ਨੌਜਵਾਨ ਵਿਅਕਤੀ ਅਤੇ ਉਨ੍ਹਾਂ ਦੇ ਮਾਪਿਆਂ ਦੇ ਵਿਚਾਰ, ਇੱਛਾਵਾਂ ਅਤੇ ਖਿਆਲ ਸਾਰੇ ਪੇਸ਼ੇਵਰਾਂ ਦੁਆਰਾ ਸੁਣੇ ਜਾਣ ਅਤੇ ਉਨ੍ਹਾਂ ਦੀ ਕਦਰ ਕੀਤੀ ਜਾਵੇ
- ਸਕਾਰਾਤਮਕ ਨਤੀਜੇ ਪ੍ਰਾਪਤ ਕਰਨ ਲਈ, ਮਾਪਿਆਂ, ਬੱਚਿਆਂ, ਜਵਾਨ ਵਿਅਕਤੀਆਂ, ਸਕੂਲਾਂ, ਕਾਲਜਾਂ, ਸਥਾਨਕ ਅਥਾਰਿਟੀ ਅਤੇ ਸਵੈਇੱਛਤ ਸੰਸਥਾਵਾਂ ਵਿਚਕਾਰ ਸਕਾਰਾਤਮਕ ਰਿਸ਼ਤੇ ਵਿਕਸਿਤ ਕਰਨਾ
- ਬੱਚਿਆਂ, ਜਵਾਨ ਵਿਅਕਤੀਆਂ, ਅਤੇ ਮਾਪਿਆਂ ਲਈ ਸੁਤੰਤਰਤਾ ਅਤੇ ਖੁਦ ਦੀ ਵਕਾਲਤ ਕਰਨ ਨੂੰ ਉਤਸਾਹਿਤ ਕਰਨ ਵਿੱਚ ਮਦਦ ਕਰਨ ਲਈ ਜਾਣਕਾਰੀ, ਸਲਾਹ ਅਤੇ ਸਹਾਇਤਾ ਪ੍ਰਦਾਨ ਕਰਨਾ

ਅਸੀਂ ਅਕਸਰ ਮਾਪਿਆਂ ਅਤੇ ਉਨ੍ਹਾਂ ਦੇ ਬੱਚਿਆਂ ਨਾਲ ਇਕੱਠੇ ਕੰਮ ਕਰਾਂਗੇ, ਪਰ ਅਸੀਂ ਬੱਚਿਆਂ ਅਤੇ ਨੌਜਵਾਨਾਂ ਨੂੰ ਸਿੱਧੀ ਅਤੇ ਵੱਖਰੀ ਸੇਵਾ ਪ੍ਰਦਾਨ ਕਰਨ ਦੇ ਸਮਰੱਥ ਵੀ ਹਾਂ।

## ਮਾਪੇ

ਬਹੁਤ ਸਾਰੇ ਬੱਚੇ ਅਤੇ ਨੌਜਵਾਨ ਆਪਣੇ ਮਾਪਿਆਂ ਰਾਹੀਂ ਜਾਣਕਾਰੀ, ਸਲਾਹ ਅਤੇ ਸਹਾਇਤਾ ਤਕ ਪਹੁੰਚ ਬਣਾਉਣਗੇ ਪਰ ਕੁਝ ਬੱਚੇ, ਖਾਸ ਕਰਕੇ ਵੱਡੀ ਉਮਰ ਦੇ ਬੱਚੇ, ਇਸ ਨੂੰ ਵੱਖਰੇ ਤੌਰ ਤੇ ਦੇਖਣਾ ਚਾਹ ਸਕਦੇ ਹਨ। ਇਨ੍ਹਾਂ ਹਾਲਾਤਾਂ ਵਿੱਚ ਅਸੀਂ ਬੱਚੇ ਨਾਲ ਵਿਅਕਤੀਗਤ ਅਤੇ ਨਿਰਪੱਖ ਤੌਰ ਤੇ ਕੰਮ ਕਰਾਂਗੇ।

## ਨੌਜਵਾਨ ਵਿਅਕਤੀ

ਤੁਹਾਨੂੰ ਗੁਪਤ ਅਤੇ ਨਿਰਪੱਖ ਜਾਣਕਾਰੀ, ਸਲਾਹ ਅਤੇ ਸਹਾਇਤਾ ਮਿਲੇਗੀ। ਅਸੀਂ ਤੁਹਾਡੇ ਨਾਲ ਸਾਝੇਦਾਰੀ ਵਿੱਚ ਕੰਮ ਕਰਾਂਗੇ ਤਾਂ ਜੋ ਤੁਸੀਂ ਉਨ੍ਹਾਂ ਨਤੀਜਿਆਂ ਬਾਰੇ ਫੈਸਲੇ ਲੈਣ ਵਿੱਚ ਪੂਰੀ ਤਰ੍ਹਾਂ ਭਾਗ ਲੈ ਸਕੋ ਜੋ ਤੁਸੀਂ ਪ੍ਰਾਪਤ ਕਰਨਾ ਚਾਹੁੰਦੇ ਹੋ।

ਅਸੀਂ ਮਾਪਿਆਂ ਅਤੇ ਨੌਜਵਾਨਾਂ ਦੋਵਾਂ ਨਾਲ  ਵੱਖਰੇ ਅਤੇ ਨਿਰਪੱਖ ਤੌਰ ਤੇ ਕੰਮ ਕਰ ਸਕਦੇ ਹਾਂ ਜਿੱਥੇ SEND ਨਾਲ ਸੰਬੰਧਿਤ ਮੁੱਦੇ ਤੇ ਅਸਹਿਮਤੀ ਹੁੰਦੀ ਹੈ।

ਜਿੱਥੇ ਜ਼ਰੂਰੀ ਹੁੰਦਾ ਹੈ ਉੱਥੇ ਸਲਾਹ ਦਿੱਤੀ ਜਾਵੇਗੀ ਅਤੇ ਰੁਜ਼ਗਾਰ ਅਤੇ ਸੁਤੰਤਰ ਰਹਿਣ (ਘਰ) ਨਾਲ ਸੰਬੰਧਿਤ ਵਿਸ਼ੇਸ਼ੱਗ ਸਹਾਇਤਾ ਵਲ ਸੰਕੇਤ ਦਿੱਤੇ ਜਾਣਗੇ।

## ਅਸੀਂ ਨਿਮਨਲਿਖਤ ਤੇ ਜਾਣਕਾਰੀ ਅਤੇ ਸਲਾਹ ਪ੍ਰਦਾਨ ਕਰ ਸਕਦੇ ਹਾਂ:

- SEN ਅਤੇ ਅਯੋਗਤਾ, ਸਿਹਤ ਅਤੇ ਸਮਾਜਿਕ ਸੰਭਾਲ ਨਾਲ ਸੰਬੰਧਿਤ ਕਨੂੰਨਾਂ ਤੇ ਸਿੱਖਿਆ ਕਨੂੰਨ
- ਸਿੱਖਿਆ ਸਿਹਤ ਸੰਭਾਲ ਮੁਲਾਂਕਣ ਪ੍ਰਕਿਰਿਆ
- ਸਿੱਖਿਆ ਸਿਹਤ ਸੰਭਾਲ ਪਲਾਨਾਂ (EHCP)
- ਬਿਨਾਂ EHCP ਵਾਲੇ ਬੱਚਿਆਂ ਅਤੇ ਨੌਜਵਾਨਾਂ ਲਈ ਸਕੂਲ ਅਧਾਰਿਤ ਸਹਾਇਤਾ
- ਆਪਣੇ ਲਈ ਉਪਯੁਕਤ ਬਣਾਉਣਾ
- ਵਿਅਕਤੀਗਤ ਬਜਟ
- SEND ਮੁੱਦਿਆਂ ਨਾਲ ਸੰਬੰਧਿਤ ਸ਼ਿਕਾਇਤਾਂ
- ਸਥਾਨਕ ਪੇਸ਼ਕਸ਼
- ਸਥਾਨਕ ਪਾਲਿਸੀ ਅਤੇ ਪ੍ਰੈਕਟਿਸ
- ਵਿਚੋਲਗੀ
- ਝਗੜੇ ਦਾ ਹੱਲ
- ਸਮਰਥਨ